# 'ਬੰਦ ਦਰਵਾਜ਼ੇ ਦਾ ਬਿਰਤਾਂਤ': ਸੰਤਾਪੇ ਪਲਾਂ ਦੀ ਦਾਸਤਾਨ

ਡਾ. ਰਵਿੰਦਰ ਸਿੰਘ

ਜੰਮੂ ਕਸ਼ਮੀਰ ਦੇ ਸਥਾਪਿਤ ਪੰਜਾਬੀ ਕਹਾਣੀਕਾਰ ਹਰਭਜਨ ਸਿੰਘ ਸਾਗਰ ਦਾ ਕਹਾਣੀ ਸੰਗ੍ਰਹਿ 'ਬੰਦ ਦਰਵਾਜ਼ੇ ਦਾ ਬਿਰਤਾਂਤ', ਆਪਣੇ ਨਾਮ ਵਾਂਗ ਹੀ ਕਸ਼ਮੀਰ ਦੇ ਮੌਜੂਦਾ ਸੰਕਟ ਦੇ ਦੌਰ ਦੀਆਂ ਉਨ੍ਹਾਂ ਅਣ-ਸੁਖਾਵੀਆਂ ਸਥਿਤੀਆਂ ਦਾ ਬਿਆਨ ਹੈ, ਜੋ ਇਕ ਆਮ ਕਸ਼ਮੀਰੀ ਦੇ ਮਨ ਅੰਦਰ ਦੱਬੀਆਂ ਪਈਆਂ ਹਨ। ਕਹਾਣੀਕਾਰ ਨੇ ਬਿਆਨੀਆ ਵਿਧੀ ਨਾਲ ਲਿਖੀਆਂ ਹੋਈਆਂ ਇਨ੍ਹਾਂ ਕਹਾਣੀ ਨੂੰ ਦੋ ਵਰਗਾਂ ਵਿਚ ਵੰਡਕੇ ਪੇਸ਼ ਕੀਤਾ ਹੈ ਜਿਨ੍ਹਾਂ ਦੇ ਸਰੋਕਾਰ ਵੱਖੋ-ਵੱਖਰੇ ਹਨ। 'ਸੰਤਾਪੇ ਪਲ' ਅਤੇ 'ਉਲਝੇਵਿਆਂ ਸੁਲਝੇਵਿਆਂ ਦੇ ਵਿਚਕਾਰ' ਸਿਰਲੇਖ ਹੇਠਾਂ ਦਰਜ ਕਹਾਣੀਆਂ ਵਿਚੋਂ 'ਸੰਤਾਪੇ ਪਲ' ਦੀਆਂ ਕਹਾਣੀਆਂ ਦਾ ਸਰੋਕਾਰ, ਕਸ਼ਮੀਰ ਦੇ ਅਜੋਕੇ ਸੰਕਟ ਨਾਲ ਜੁੜਿਆ ਹੋਇਆ ਹੈ। ਹਰਭਜਨ ਸਿੰਘ ਸਾਗਰ ਨੇ ਇਨ੍ਹਾਂ ਕਹਾਣੀਆਂ ਰਾਹੀਂ ਕਸ਼ਮੀਰ ਵਿਚ ਵਸਦੇ ਘੱਟ-ਗਿਣਤੀ ਲੋਕਾਂ ਦੀ, ਅਜੋਕੇ ਮਾਹੌਲ ਵਿਚਲੀ ਮਾਨਸਿਕ ਸਥਿਤੀ ਨੂੰ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ। ਸ੍ਰੀਨਗਰ ਸ਼ਹਿਰ ਵਿਚ ਰਹਿੰਦਿਆਂ ਉਸਨੇ ਖ਼ੁਦ ਵੀ ਦਹਿਸ਼ਤ ਦੇ ਇਸ ਦੌਰ ਨੂੰ ਬਹੁਤ ਨਜ਼ਦੀਕ ਤੋਂ ਵੇਖਿਆ ਹੈ ਅਤੇ ਇਕ ਸੰਵੇਦਨਸ਼ੀਲ ਲਿਖਾਰੀ ਵਾਂਗ ਉਸ ਨੂੰ ਮਹਿਸੂਸ ਵੀ ਕੀਤਾ ਹੈ। ਉਸਦਾ ਸੰਬੰਧ ਕਿਉਂਕਿ ਇਕ ਘੱਟ-ਗਿਣਤੀ ਫਿਰਕੇ ਨਾਲ ਹੈ ਇਸ ਲਈ ਲਾਜ਼ਮੀ ਹੀ ਉਸਦੀ ਕਹਾਣੀ ਵਿਚ ਸੰਤਾਪ ਦੀ ਸਥਿਤੀ ਦੀ ਵਧੇਰੇ ਉਘੜਵੀਂ ਤਸਵੀਰ ਪੇਸ਼ ਹੁੰਦੀ ਹੈ। ਮੌਜੂਦਾ ਸਮੇਂ ਵਿਚ ਜਦੋਂ ਕਿ ਕਸ਼ਮੀਰ ਦੇ ਆਮ ਵਸਨੀਕ ਹਰ ਕਾਸੇ ਨੂੰ ਚੁਪਚਾਪ ਵੇਖ ਰਹੇ ਹਨ ਜਾਂ ਕੌੜੇ ਘੁੱਟ ਭਰ ਕੇ ਇਸ ਸੰਤਾਪ ਨੂੰ ਭੋਗ ਰਹੇ ਹਨ ਅਜਿਹੇ ਸਮੇਂ ਵਿਚ ਸਾਹਿਤਕਾਰਾਂ ਦਾ ਫਰਜ਼ ਬਣ ਜਾਂਦਾ ਹੈ ਕਿ ਬੇਜ਼ੁਬਾਨ ਹੋ ਗਏ ਲੋਕਾਂ ਦੇ ਜਜ਼ਬਾਤਾਂ ਨੂੰ ਸਮਝਕੇ ਪੂਰੀ ਇਮਾਨਦਾਰੀ ਨਾਲ ਪੇਸ਼ ਕਰਨ ਦਾ ਜਤਨ ਕਰਨ।

ਕਸ਼ਮੀਰ ਇਸ ਵੇਲੇ ਜਿਸ ਦੌਰ ਵਿਚੋਂ ਗੁਜ਼ਰ ਰਿਹਾ ਹੈ ਅਜਿਹੇ ਸਮੇਂ ਵਿਚ ਲੋਕਾਂ ਦੇ ਆਪਸੀ ਰਿਸ਼ਤੇ ਤਾਂ ਪ੍ਰਭਾਵਿਤ ਹੁੰਦੇ ਹੀ ਹਨ ਸਗੋਂ ਨਾਲ ਹੀ ਵਿਅਕਤੀਗਤ ਤੌਰ 'ਤੇ ਹਰ ਇਨਸਾਨ ਆਪਣੇ ਸਵੈ ਨਾਲ ਵੀ ਦਵੰਦ ਕਰਦਾ ਨਜ਼ਰ ਆਉਂਦਾ ਹੈ। ਕਿਸੇ ਵੇਲੇ ਉਹ ਆਪਣੇ ਪੁਸ਼ਤੈਨੀ ਸਾਂਝੇ ਵਿਰਸੇ ਦੀ ਪਕੜ ਵਿਚ ਰਾਜ਼ੀ ਲਗਦਾ ਹੈ ਤਾਂ ਕਿਸੇ ਵੇਲੇ ਉਹ ਵਰਤਮਾਨ ਦੀ ਅਸਲੀਅਤ ਨਾਲ ਜੂਝਦਾ ਬੇਸਹਾਰਾ ਅਤੇ ਲਾਚਾਰ ਮਹਿਸੂਸ ਕਰਦਾ ਹੈ। ਇਹੋ ਜਿਹੀ ਸਥਿਤੀ ਨੂੰ ਹਰਭਜਨ ਸਿੰਘ ਸਾਗਰ ਨੇ ਆਪਣੀਆਂ ਕਹਾਣੀਆਂ ਵਿਚ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਹੈ। ਉਹ ਇਨ੍ਹਾਂ ਕਹਾਣੀਆਂ ਵਿਚ ਕਸ਼ਮੀਰ ਦੇ ਸੰਕਟ ਨੂੰ ਕਿਧਰੇ ਵੀ ਸਿੱਧਿਆਂ ਹੀ ਪੇਸ਼ ਨਹੀਂ ਕਰਦਾ ਸਗੋਂ ਉਸਦੀਆਂ ਕਹਾਣੀਆਂ ਦੇ ਪਾਤਰ ਇਸ ਸੰਕਟ ਸਥਿਤੀ

ਵਿਚ ਆਪਣਾ ਆਪਣਾ ਸੰਤਾਪ ਭੋਗ ਰਹੇ ਪ੍ਰਤੀਤ ਹੁੰਦੇ ਹਨ। ਕਸ਼ਮੀਰ ਦੇ ਲੋਕ ਇਸ ਵੇਲੇ ਦੂਹਰਾ ਸੰਤਾਪ ਹੰਢਾ ਰਹੇ ਹਨ। ਇਕ ਪਾਸੇ ਤਾਂ ਉਨ੍ਹਾਂ ਨੂੰ ਆਪਣੀ ਜਨਮ-ਭੋਂਈਂ ਛੱਡਣੀ ਪੈ ਰਹੀ ਹੈ ਅਤੇ ਨਾਲ ਹੀ ਉਹ ਆਪਣੇ ਹੀ ਘਰ ਤੋਂ ਬੇਘਰ ਹੋਕੇ ਮਾਈਗ੍ਰੈਂਟ ਕਹਾਉਣ ਦਾ ਸੰਤਾਪ ਵੀ ਭੋਗ ਰਹੇ ਹਨ। ਕਸ਼ਮੀਰ ਵਿਚਲੇ ਬਦਲੇ ਹੋਏ ਹਾਲਾਤ ਕਾਰਣ ਘੱਟਗਿਣਤੀ ਵਸੋਂ ਅੰਦਰ ਜੋ ਬੇਗਾਨਗ਼ੀ ਅਤੇ ਬੇਵਤਨਾ ਹੋਣ ਦੀ ਪੀੜ ਪੈਦਾ ਹੋਈ ਹੈ ਉਸਨੂੰ ਹਰਭਜਨ ਸਿੰਘ ਸਾਗਰ ਨੇ ਆਪਣੀਆਂ ਕਹਾਣੀਆਂ ਵਿਚ ਬਹੁਤ ਸੰਵੇਦਨਸ਼ੀਲਤਾ ਨਾਲ ਪੇਸ਼ ਕੀਤਾ ਹੈ।

ਇਨ੍ਹਾਂ ਕਹਾਣੀਆਂ ਦਾ ਸਰੋਕਾਰ ਕਸ਼ਮੀਰ ਦੇ ਦਹਿਸ਼ਤਗਰਦੀ ਦੌਰ ਦੇ ਉਨ੍ਹਾਂ ਮਸਲਿਆਂ ਨਾਲ ਹੈ ਜਿਸ ਵਿਚ "ਕਾਚਰੂ" ਵਰਗੇ ਘੱਟਗਿਣਤੀ ਲੋਕ ਆਪਣੇ ਪੁਸ਼ਤੈਨੀ ਘਰ ਭਾਵ ਕਸ਼ਮੀਰ ਨੂੰ ਛੱਡਣਾ ਨਹੀਂ ਚਾਹੁੰਦੇ। ਇਸ ਘਰੋਂ ਬੇਘਰ ਹੋਕੇ ਜਾਂ ਬੇਵਤਨਾ ਹੋਕੇ ਮਰਨਾ ਨਹੀਂ ਚਾਹੁੰਦੇ। ਉਨ੍ਹਾਂ ਨੂੰ ਆਪਣੇ ਘਰ ਨਾਲ ਉਨਾਂ ਹੀ ਮੋਹ ਅਤੇ ਪਿਆਰ ਹੈ ਜਿੰਨਾਂ ਕਿਸੇ ਹੋਰ ਕਸ਼ਮੀਰੀ ਬਾਸ਼ਿੰਦੇ ਨੂੰ ਹੋ ਸਕਦਾ ਹੈ। ਕਾਰੋਬਾਰੀ ਮਜਬੂਰੀਆਂ ਕਰਕੇ ਘਰ ਛੱਡਣਾ ਹੋਰ ਗਲ ਹੁੰਦੀ ਹੈ ਪਰ ਦਹਿਸ਼ਤ ਵਿਚ ਆਕੇ ਆਪਣੀ ਜਨਮ ਭੋਂਈ ਤੋਂ ਹਮੇਸ਼ਾਂ ਲਈ ਵਿੱਛੜਨ ਦਾ ਖ਼ਿਆਲ ਬਹੁਤ ਪੀੜਾ ਦੇਣ ਵਾਲਾ ਹੁੰਦਾ ਹੈ। ਕਸ਼ਮੀਰ ਵਿਚ ਇਹੋ ਜਿਹੀ ਸਥਿਤੀ ਪਿਛਲੇ ਕਈ ਵਰ੍ਹਿਆਂ ਤੋਂ ਬਣੀ ਹੋਈ ਹੈ। ਪਰ ਇਸ ਸਥਿਤੀ ਦੀ ਤੁਲਨਾ ਦੇਸ਼ ਦੀ ਅਜ਼ਾਦੀ ਵੇਲੇ ਹੋਈ ਹਿਜਰਤ ਨਾਲ ਨਹੀਂ ਕੀਤੀ ਜਾ ਸਕਦੀ। ਸਨ 1947 ਵਿਚ ਮਾਨਵ ਇਤਿਹਾਸ ਦੀ ਸਭ ਤੋਂ ਵੱਡੀ ਮਨੁੱਖੀ ਹਿਜਰਤ ਨਾਲ ਸਿਰਫ ਦੋ ਦੇਸ਼ਾਂ ਨੇ ਆਪਣੀ ਵੱਖਰੀ ਹੋਂਦ ਦਾ ਜਸ਼ਨ ਹੀ ਨਹੀਂ ਮਨਾਇਆ ਸਗੋਂ ਲੱਖਾਂ ਲੋਕਾਂ ਨੂੰ ਰਿਫੀਊਜੀ ਬਣਾਕੇ ਇਕ ਨਵੇਂ ਸਮਾਜਕ ਸੰਕਟ ਨੂੰ ਜਨਮ ਦਿੱਤਾ ਸੀ। ਧਰਮ ਦੇ ਅਧਾਰ 'ਤੇ ਦੇਸ਼ ਦਾ ਬਟਵਾਰਾ ਤਾਂ ਹੋ ਗਿਆ ਪਰ ਭਾਰਤ ਵਰਗੇ ਦੇਸ਼ ਵਿਚ ਜਿਥੇ ਲੋਕਾਂ ਲਈ ਧਰਮ ਨਾਲੋਂ ਵੱਧਕੇ ਉਨ੍ਹਾਂ ਦਾ ਸਭਿਆਚਾਰ ਸੀ, ਉਸ ਨੂੰ ਵੀ ਫਿਰਕਾਪ੍ਰਸਤੀ ਦੀਆਂ ਸੌੜੀਆਂ ਲੀਹਾਂ ਉੱਪਰ ਵੰਡਣ ਦੀਆਂ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ। ਭਾਰਤ ਵਿਚ ਬਹੁਤ ਪੁਰਾਣੇ ਸਮੇਂ ਤੋਂ ਹੀ ਭਾਰਤੀ ਸਭਿਆਚਾਰ ਨੇ ਹਰ ਧਰਮ ਨੂੰੇ ਕਲ਼ਾਵੇ ਵਿਚ ਲੈਕੇ ਵਧਣ ਫੁੱਲਣ ਦਾ ਮੌਕਾ ਦਿੱਤਾ ਹੈ। ਇਹੀ ਖੁੱਲ੍ਹ-ਦਿਲੀ ਲੋਕਾਂ ਦੇ ਸੁਭਾ ਵਿਚ ਵੀ ਨਜ਼ਰ ਆਉਂਦੀ ਹੈ । ਇਹੀ ਕਾਰਣ ਹੈ ਕਿ ਅਜੋਕੇ ਸੰਕਟ ਵਿਚ ਵੀ ਦਹਿਸ਼ਤਜ਼ਦਾ ਲੋਕ ਆਪਣੀਆਂ ਜੜ੍ਹਾਂ ਦੀ ਪਛਾਣ ਕਰ ਰਹੇ ਨੇ। ਉਨ੍ਹਾਂ ਨੂੰ ਯਾਦ ਕਰ ਰਹੇ ਨੇ ਤਾਂ ਜੋ ਪੁਰਾਣਾ ਸਾਂਝਾ ਵਿਰਸਾ ਇਸ ਵੇਲੇ ਚਲ ਰਹੇ ਬਦਅਮਨੀ ਅਤੇ ਬੇਵਸਾਹੀ ਦੇ ਮਾਹੌਲ ਨੂੰ ਸੰਵਾਰ ਸਕੇ। 'ਲੱਲ-ਦੈਦ' ਕਹਾਣੀ ਦਾ ਵਾਸਤਾ ਕੁਝ ਇਹੋ ਜਿਹੀ ਸਥਿਤੀ ਨਾਲ ਹੀ ਹੈ। ਲੱਲ-ਦੈਦ, ਜੋ ਕਿ ਕਸ਼ਮੀਰ ਦੀ ਇਕ ਜੋਗਣ ਸੀ ਅਤੇ ਕਸ਼ਮੀਰੀ ਭਾਸ਼ਾ ਦੀ ਪਹਿਲੀ ਕਵਿਤਰੀ ਸੀ, ਉਸ ਦੇ ਨਾਲ ਸੰਬੰਧਤ ਲੋਕਯਾਨਕ ਕਥਾ ਹੈ ਕਿ ਉਸਦੀ ਉਮਰ ਸਾਢੇ ਛੇ ਸੌ ਸਾਲ ਹੈ ਤੇ ਉਹ ਸਾਰੇ ਕਸ਼ਮੀਰੀਆਂ ਦੀ ਮਾਂ ਵਾਂਗ ਹੈ । ਹਰਭਜਨ ਸਿੰਘ ਸਾਗਰ ਨੇ 'ਲੱਲ-

ਦੈਦ' ਨਾਂ ਦੀ ਕਹਾਣੀ ਵਿਚ ਕਸ਼ਮੀਰ ਦੇ ਸਾਂਝੇ ਵਿਰਸੇ ਦੀ ਪ੍ਰਤੀਕ ਬਣ ਚੁੱਕੀ ਲੱਲ-ਦੈਦ ਦੇ ਬਿਰਤਾਂਤ ਨੂੰ ਅੱਜ ਦੇ ਸਮੇਂ ਵਿਚ ਪੁਨਰ ਅਰਥ ਦੇਣ ਦੀ ਕੋਸ਼ਿਸ਼ ਕੀਤੀ ਹੈ। ਕਹਾਣੀ ਦਾ ਪਾਤਰ ਸੱਯਦ ਫਜ਼ਲਦੀਨ ਇਕ ਹਿੰਦੂ ਸਾਧਵੀ 'ਲੱਲ-ਦੈਦ' ਦੀਆਂ ਅਸਥੀਆਂ ਗੰਗਾ ਵਿਚ ਜਲ-ਪ੍ਰਵਾਹ ਕਰਵਾਉਣ ਲਈ ਹਰਦੁਆਰ ਪੁੱਜਦਾ ਹੈ। ਉਸਦਾ ਟਾਕਰਾ ਜਦ ਉਥੋਂ ਦੇ ਹਿੰਦੂ ਲੋਕਾਂ ਨਾਲ ਹੁੰਦਾ ਹੈ ਤਾਂ ਸਹਿਜੇ ਹੀ ਪਤਾ ਲਗਦਾ ਹੈ ਕਿ ਕਸ਼ਮੀਰ ਤੋਂ ਬਾਹਰ ਰਹਿ ਰਹੇ ਲੋਕਾਂ ਨੂੰ ਉੱਥੋਂ ਦੀ ਜ਼ਮੀਨੀ ਹਾਲਤ ਦੀ ਕਿੰਨੀ ਕੁ ਜਾਣਕਾਰੀ ਹੈ। ਫਜ਼ਲਦੀਨ ਜਦ ਉਨ੍ਹਾਂ ਨੂੰ ਦੱਸਦਾ ਹੈ ਕਿ ਲੱਲ-ਦੈਦ ਸਾਢੇ ਛੇ ਸੌ ਵਰ੍ਹੇ ਉਨ੍ਹਾਂ ਦੇ ਅੰਗ ਸੰਗ ਰਹਿਣ ਤੋਂ ਬਾਅਦ ਅਜੋਕੇ ਹਾਲਾਤ ਦੇ ਸਦਮੇ ਕਾਰਣ ਮਰ ਗਈ ਹੈ ਤਾਂ ਲੋਕ ਉਸ ਉੱਪਰ ਸ਼ੱਕ ਕਰਦੇ ਹਨ। ਜਿਵੇਂ ਕਿ:

"ਸੱਚੀ ਗੱਲ ਤਾਂ ਇਹ ਹੈ ਕਿ ਇਨ੍ਹਾਂ ਜਰਵਾਣਿਆਂ ਨੇ ਹੀ ਉਸ ਨੇਕ ਬੀਬੀ ਨੂੰ ਮਾਰ ਮੁਕਾਇਆ ਹੈ ਤਾਂ ਜੋ ਉਸ ਦੀ ਅਮੀਰ ਵਿਰਾਸਤ ਦੇ ਉਹ ਆਪ ਹੀ ਅਧਿਕਾਰੀ ਬਣ ਸਕਣ...ਅਤੇ ਹੁਣ ਜੱਗ ਵਿਖਾਵੇ ਲਈ ਉਸ ਵਿਚਾਰੀ ਦੀਆਂ ਅਸਥੀਆਂ ਚੁੱਕੀ ਫਿਰਦੇ ਨੇ। ਇਹ ਤਾਂ ਨਿਰਾ ਨਿਰਾਦਰ ਹੈ ਇਨ੍ਹਾਂ ਪਵਿੱਤਰ ਅਸਥੀਆਂ ਦਾ।"

ਪਰ ਫਜ਼ਲਦੀਨ ਆਪਣਾ ਪੱਖ ਰੱਖਦਾ ਹੈ ਕਿ ਉਨ੍ਹਾਂ ਨੂੰ ਵੀ ਲੱਲ-ਦੈਦ ਦੀ ਮੌਤ ਦਾ ਬੇਹੱਦ ਦੁੱਖ ਹੈ। ਉਨ੍ਹਾਂ ਲਈ ਵੀ ਲੱਲ-ਦੈਦ ਮਾਂ ਵਾਂਗ ਸੀ ਅਤੇ ਕਸ਼ਮੀਰ ਦੇ ਸਾਂਝੇ ਵਿਰਸੇ ਦੀ ਪ੍ਰਤੀਕ ਮਾਂ ਨੂੰ ਮਾਰੋ-ਮਾਰੀ ਦੇ ਹਾਲਾਤ ਦਾ ਬਹੁਤ ਵੱਡਾ ਸਦਮਾ ਲੱਗਾ। ਉਹ ਖੁਦ ਵੀ ਦਹਿਸ਼ਤ ਦੇ ਇਸ ਦੌਰ ਵਿਚ ਆਪਣੇ ਆਪ ਨੂੰ ਕੁਝ ਵੀ ਕਰਨ ਤੋਂ ਲਾਚਾਰ ਮਹਿਸੂਸ ਕਰਦੇ ਹਨ:

"ਮਹਾਰਾਜ ਸਦਮਾ ਕਹਿ ਲਓ ਜਾਂ ਦੁੱਖ। ਸੱਚੀ ਗੱਲ ਤਾਂ ਇਹ ਹੈ ਕਿ ਉਸ ਸ਼ਫੀਕ ਮਾਂ ਬਿਨਾਂ ਸਾਡੇ ਲਈ ਅਜੋਕੀ ਘੜੀਆਂ ਅਕਹਿ ਤੇ ਅਸਹਿ ਹੋ ਗਈਆਂ ਹਨ। ਅਸੀਂ ਜ਼ੁਲਮ ਹੁੰਦਾ ਵੇਖ ਰਹੇ ਹੁੰਦੇ ਹਾਂ ਪਰ ਜ਼ੁਲਮ ਨੂੰ ਜ਼ੁਲਮ ਕਹਿਣ ਦੀ ਸਮਰਥਾ ਪੈਦਾ ਨਹੀਂ ਕਰ ਸਕਦੇ- ਆਪਣਿਆਂ ਹੱਥੋਂ ਆਪਣਿਆਂ ਨੂੰ ਮਰਦਿਆਂ ਵੇਖਦੇ ਹਾਂ, ਪਰ ਮਰ ਰਹੇ ਬੰਦਿਆਂ ਨੂੰ ਆਸਰਾ ਦੇਣ ਦੀ ਸ਼ਕਤੀ ਨਹੀਂ ਜੁਟਾ ਸਕਦੇ।"

ਇਨਾਂ ਹਿੰਸਕ ਘਟਨਾਵਾਂ ਦੇ ਮੱਦੇਨਜ਼ਰ ਜਦ ਘੱਟ-ਗਿਣਤੀ ਲੋਕ ਕਸ਼ਮੀਰ ਛੱਡਕੇ ਜੰਮੂ ਜਾਂ ਹੋਰਨਾਂ ਥਾਵਾਂ 'ਤੇ ਚਲੇ ਗਏ ਤਾਂ ਨਾਲ ਆਪਣੀ ਸਾਰੀ ਚਲ-ਜਾਇਦਾਦ ਵੀ ਲੈ ਗਏ। ਪਰ ਉਹ ਅਚਲ-ਜਾਇਦਾਦ ਪਿੱਛੇ ਹੀ ਛੱਡ ਆਏ ਤੇ ਕਹਾਣੀਕਾਰ ਇਸ ਵਿਚੋਂ ਇਕ ਵੱਡਮੁੱਲੀ ਜਾਇਦਾਦ ਕਸ਼ਮੀਰ ਦੇ ਸਾਂਝੇ ਵਿਰਸੇ ਨੂੰ ਦਸਦਾ ਹੈ। ਜਿਵੇਂ ਕਿ ਫਜ਼ਲਦੀਨ ਕਹਿੰਦਾ ਹੈ ਕਿ:

"ਉੱਤੇ ਇਕ ਵੱਡਮੁੱਲੀ, ਅਣਵੰਡੀ ਤੇ ਸਾਬਤ ਸਾਲਮ ਜਾਇਦਾਦ-ਸਾਂਝਾ ਵਿਰਸਾ ਕਸ਼ਮੀਰ ਹੀ ਭੁੱਲ ਆਏ ਜਾਂ ਛੱਡ ਆਏ ਹਨ। ਸਵਾਮੀ ਜੀ! ਉਹ ਲੱਲ-ਦੈਦ ਉੱਥੇ ਹੀ ਛਡ ਆਏ। ਪਰ ਲੱਲਾ-ਮਾਂ ਕੋਈ ਭੁੱਲਣ ਵਾਲੀ ਸ਼ੈ ਤਾਂ ਨਹੀਂ। ਉਹ ਤਾਂ ਸਾਂਝੇ ਸਰੀਰ ਅੰਦਰ ਇਕ ਪਵਿੱਤਰ ਆਤਮਾ ਦਾ ਨਾਂ ਹੈ।"

ਇਥੇ ਕਹਾਣੀਕਾਰ ਨੇ ਕਸ਼ਮੀਰ ਤੋਂ ਚਲੇ ਗਏ ਘੱਟਗਿਣਤੀ ਲੋਕਾਂ ਸਾਹਮਣੇ ਇਕ ਸਵਾਲ ਖੜਾ ਕੀਤਾ ਹੈ ਕਿ ਜੇ ਕਸ਼ਮੀਰ ਦਾ ਵਿਰਸਾ ਉਨ੍ਹਾਂ ਦਾ ਸਾਂਝਾ ਹੈ ਤਾਂ ਉਹ ਲੱਲ-ਦੈਦ ਜਾਂ ਇਸ ਸਾਂਝੇ ਵਿਰਸੇ ਨੂੰ ਛੱਡ ਕੇ ਕਿਉਂ ਜਾ ਰਹੇ ਹਨ? ਇਸ ਵਿਰਸੇ ਨੂੰ ਕੌਣ ਸੰਭਾਲੇਗਾ? ਕੀ ਉਨ੍ਹਾਂ ਦਾ ਆਪਣੀ ਮਾਂ ਪ੍ਰਤੀ ਕੋਈ ਫਰਜ਼ ਨਹੀਂ ਬਣਦਾ? ਲੱਲ-ਦੈਦ ਤਾਂ ਦੋਹਾਂ ਭਰਾਵਾਂ ਦੇ ਰਵੱਈਏ ਤੋਂ ਦੁਖੀ ਨਜ਼ਰ ਆਉਂਦੀ ਹੈ। ਜਿਨਾਂ ਨੇ ਕਸ਼ਮੀਰ ਦੇ ਵਿਰਸੇ ਨੂੰ ਮਿਲਕੇ ਸਿਰਜਿਆ ਸੀ ਅਤੇ ਸਾਂਝੇ ਜਤਨਾ ਨਾਲ ਇਸਨੂੰ ਇਕ ਪਛਾਣ ਦਿੱਤੀ ਸੀ। ਜੇਕਰ ਉਨ੍ਹਾਂ ਵਿਚੋਂ ਇਕ ਵੀ ਇਸ ਤੋਂ ਵੱਖ ਹੁੰਦਾ ਹੈ ਤਾਂ ਸਾਂਝੇ ਵਿਰਸੇ ਦਾ ਅੰਤ ਯਕੀਨੀ ਹੈ। ਲੋਕ ਭਾਵੇਂ ਕਿਸੇ ਵੀ ਕਾਰਣ ਕਰਕੇ ਆਪਣੇ ਘਰ ਛੱਡ ਕੇ ਜਾ ਹਰੇ ਹੋਣ ਪਰ ਸਾਂਝੇ ਵਿਰਸੇ ਦੀ ਪ੍ਰਤੀਕ ਲੱਲ-ਦੈਦ ਨੂੰ ਇਹ ਬੇਰੁਖ਼ੀ ਬਰਦਾਸ਼ਤ ਨਹੀਂ ਹੋਈ ਅਤੇ ਉਸਨੇ ਪ੍ਰਾਣ ਤਿਆਗ ਦਿੱਤੇ। ਇਥੋਂ ਤੱਕ ਕਿ ਉਸਦੀਆਂ ਅਸਥੀਆਂ ਨੇ ਵੀ ਕਸ਼ਮੀਰ ਤੋਂ ਬਾਹਰ ਜਾਣ ਤੋਂ ਇਨਾਕਰ ਕਰ ਦਿੱਤਾ ਤੇ ਜਿਹਲਮ ਦੀਆਂ ਲਹਿਰਾਂ ਵਿਚ ਸਮਾ ਗਈ। ਇਸ ਤਰ੍ਹਾਂ 'ਲੱਲ-ਦੈਦ' ਦੀ ਕਥਾ ਰਾਹੀਂ ਹਰਭਜਨ ਸਿੰਘ ਸਾਗਰ ਕਸ਼ਮੀਰ ਦੇ ਸਾਂਝੇ ਵਿਰਸੇ ਦੇ ਖਤਮ ਹੋਣ ਦੇ ਖਤਰੇ ਤੋਂ ਹਰ ਕਿਸੇ ਨੂੰ ਸਾਵਧਾਨ ਕਰਨਾ ਚਾਹੁੰਦਾ ਹੈ। ਜਿਵੇਂ ਕਿ ਲੱਲ-ਦੈਦ ਕਹਿੰਦੀ ਹੈ ਕਿ:

"ਹੁਣ ਮੈਂ ਕਿਹੜੀ ਔਲਾਦ ਪਾਸ ਰਹਾਂ? ਇਸ ਮਾਹੌਲ ਵਿਚ ਮੇਰਾ ਸਾਹ ਘੁੱਟਦਾ ਹੈ। ਪਰ ਮੈਂ ਤੁਹਾਡੇ ਨਾਲ ਵੀ ਨਹੀਂ ਜਾ ਸਕਦੀ। ਕਿਉਂਕਿ ਮੈਂ ਇਕ ਮਾਂ ਹਾਂ ਅਤੇ ਮਾਂ ਆਪਣੀ ਥਾਂ ਨਹੀਂ ਛੱਡਦੀ। ਸੋ ਸਪਸ਼ਟ ਹੈ ਕਿ ਮੇਰੀ ਸੰਤਾਨ ਹੀ ਮੇਰੀ ਜਾਨ ਦੀ ਦੁਸ਼ਮਣ ਬਣ ਗਈ ਹੈ। ਫਿਰ ਐਸੇ ਜੀਣ ਦਾ ਕੀ ਲਾਭ?"

ਕਹਾਣੀਕਾਰ ਨੇ ਇਥੇ ਮਾਂ ਵਰਗੇ ਵਿਰਸੇ ਦੀ ਦੁਹਾਈ ਦਿੱਤੀ ਹੈ ਕਿਉਂਕਿ ਇਸ ਨੂੰ ਹਰ ਕੋਈ ਅਣਗੋਲ਼ਿਆ ਕਰ ਰਿਹਾ ਹੈ। ਪਰ ਅਜਿਹੀ ਸਥਿਤੀ ਵਿਚ ਕਸ਼ਮੀਰ ਤੋਂ ਬਾਹਰ ਚਲੇ ਗਏ ਲੋਕਾਂ ਦਾ ਜੀਵਨ ਵੀ ਕੋਈ ਸੁਖਾਲਾ ਨਹੀਂ ਹੋਇਆ। ਉਹ ਬਾਹਰ ਜਾਕੇ ਇਕ ਹੋਰ ਕਿਸਮ ਦਾ ਸੰਤਾਪ ਭੋਗ ਰਹੇ ਹਨ। ਜਿਸ ਦੀ ਬਹੁਤ ਵਧੀਆ ਪੇਸ਼ਕਾਰੀ ਇਸ ਕਹਾਣੀ ਸੰਗ੍ਰਹਿ ਦੀ ਪਹਿਲੀ ਕਹਾਣੀ 'ਸੁਪਨੇ ਵਿਚ ਵਾਪਰੀ ਘਟਨਾ ਦਾ ਨਾਇਕ' ਵਿਚ ਕੀਤੀ ਗਈ ਹੈ। ਇਸ ਕਹਾਣੀ ਵਿਚਲਾ ਪਾਤਰ 'ਕਾਚਰੂ' ਜਦ ਕਸ਼ਮੀਰ ਤੋਂ ਮਾਈਗ੍ਰੇਂਟ ਬਣਕੇ ਜੰਮੂ ਜਾ ਵਸਦਾ ਹੈ ਤਾਂ ਉਸਨੂੰ ਰਿਫੀਊਜੀ ਜਾਂ ਮਾਈਗ੍ਰੇਂਟ ਸੱਦੇ ਜਾਣ ਉੱਤੇ ਬਹੁਤ ਤਕਲੀਫ ਮਹਿਸੂਸ ਹੁੰਦੀ ਹੈ। 'ਕਾਚਰੂ' ਆਮ ਜੀਵਨ ਵਿਚ ਵਿਚਰਣ ਵਾਲਾ ਇਕ ਸਧਾਰਣ ਪਾਤਰ ਹੈ ਅਤੇ ਉਸਨੂੰ ਕਸ਼ਮੀਰ ਵਿਚ ਵਾਪਰ ਰਹੀਆਂ ਗੱਲਾਂ ਕਾਰਣ ਸੰਤਾਪ ਭੋਗਣਾ ਪੈ ਰਿਹਾ ਹੈ। ਉਹ ਕਸ਼ਮੀਰ ਛੱਡਕੇ ਭਾਵੇਂ ਜੰਮੂ ਜਾ ਵਸਿਆ ਹੈ ਪਰ ਸਰਕਾਰੀ ਕਰਮਚਾਰੀ ਹੋਣ ਕਾਰਣ ਹਰ ਸਾਲ ਦਰਬਾਰ ਮੂਵ ਹੋਣ ਉੱਤੇ ਉਸਨੂੰ ਸ੍ਰੀਨਗਰ ਆਉਣਾ ਹੀ ਪੈਂਦਾ ਹੈ ਤੇ ਪਹਿਲਾਂ ਵਾਂਗ ਹੀ ਜੰਮੂ ਤੇ ਸ੍ਰੀਨਗਰ ਵਿਚਕਾਰ ਚੱਕਰ ਲਾਉਣੇ ਪੈਂਦੇ ਹਨ। ਪਰ ਹੁਣ ਫਰਕ ਸਿਰਫ ਇੰਨਾਂ ਹੈ ਕਿ ਉਸਦਾ

ਪਰਿਵਾਰ ਤਾਂ ਜੰਮੂ ਵਿਚ ਹੀ ਹੈ ਤੇ ਉਸਦਾ ਪੁਸ਼ਤੈਨੀ ਘਰ ਉਸਦੇ ਦਫਤਰ ਦੇ ਰਾਹ ਵਿਚ ਹੈ। ਉਸਦੀ ਮਜਬੂਰੀ ਹੈ ਕਿ ਉਹ ਆਪਣੇ ਘਰ ਨਹੀਂ ਜਾ ਸਕਦਾ ਤੇ ਬਹੁਤ ਸਖ਼ਤ ਪਹਿਰੇ ਹੇਠ ਇਕ ਵੱਡੇ ਹੋਟਲ ਵਿਚ ਰਹਿੰਦਾ ਹੈ। ਹਰ ਰੋਜ਼ ਆਪਣੇ ਘਰ ਦੇ ਸਾਹਮਣੇ ਤੋਂ ਲੰਘਦਿਆਂ ਉਸਨੂੰ ਬਹੁਤ ਤਕਲੀਫ ਹੁੰਦੀ ਹੈ। ਫਿਰ ਉਸਦੇ ਸੁਫਨੇ ਵਿਚ ਉਸਨੂੰ ਆਪਣਾ ਹੀ ਘਰ ਪਹੁੰਚ ਤੋਂ ਬਾਹਰ ਜਾਪਣ ਲਗਦਾ ਹੈ। ਇਸ ਤਰ੍ਹਾਂ ਦੀ ਜ਼ਹਿਨੀ ਤਕਲੀਫ ਹੋਰ ਵੀ ਵੱਧ ਜਾਂਦੀ ਹੈ ਜਦ ਉਸਦਾ ਇਕ ਸਾਥੀ ਉਸਨੂੰ ਪ੍ਰਾਹੁਣਾ ਆਖਦਾ ਹੈ:

"ਕੁੱਤਿਆ, ਇਹ ਹੋਟਲ ਅਤੇ ਖ਼ੈਰਾਤ ਦੀਆਂ ਰੋਟੀਆਂ ਤੈਨੂੰ ਹੀ ਮੁਬਾਰਕ ਹੋਣ। ਮੇਰਾ ਤਾਂ ਇਥੇ ਘਰ ਹੈ। ਤੇਰਾ ਇਥੇ ਕੀ ਹੈ? ਕੁਝ ਵੀ ਤਾਂ ਨਹੀਂ। ਤੂੰ ਤਾਂ ਇਕ ਮਾਈਗ੍ਰੈਂਟ ਹੈ। ਪਰ ਯਾਰ ਕੁਝ ਵੀ ਹੋਵੇ ਤੂੰ ਸਾਡਾ ਪਿਆਰਾ ਜਿਹਾ ਪ੍ਰਾਹੁਣਾ ਜ਼ਰੂਰ ਹੈਂ।"

ਇਹ ਇਕ ਅਜਿਹੀ ਸਥਿਤੀ ਹੈ ਜਿਥੇ ਇਕ ਹੱਸਦਾ ਵਸਦਾ ਇਨਸਾਨ ਬਿਨਾਂ ਕਿਸੇ ਕਸੂਰ ਦੇ, ਆਪਣੇ ਘਰ ਵਿਚ ਹੀ ਪ੍ਰਾਹੁਣਾ ਬਣ ਗਿਆ ਅਤੇ ਘਰੋਂ ਬਾਹਰ ਜਾਕੇ ਮਾਈਗ੍ਰੈਂਟ ਭਾਵੇਂ ਉਹ ਜੰਮੂ ਵਿਚ ਹੋਵੇ ਜਾਂ ਫਿਰ ਆਪਣੇ ਹੀ ਸ਼ਹਿਰ ਦੇ ਕਿਸੇ ਹੋਟਲ ਵਿਚ ਰਹਿੰਦਾ ਹੋਵੇ। ਇਸੇ ਤਨਾਓ ਵਿਚੋਂ ਨਿਕਲਣ ਲਈ ਉਹ ਆਪਣੇ ਘਰ ਜਾਣ ਦਾ ਨਿਸਚਾ ਕਰਦਾ ਹੈ। ਭਾਵੇਂ ਕਿ ਸਿਰਫ ਇਕ ਰਾਤ ਦੀ ਹੀ ਗੱਲ ਹੋਵੇ:

"ਰਫ਼ੀਕ! ਅੱਜ ਮੈਨੂੰ ਆਪਣੇ ਘਰ ਲੈ ਚਲ। ਮੈਂ ਉਥੋਂ ਕੇਵਲ ਇਕ ਰਾਤ ਲਈ ਅਪਣੇ ਮਕਾਨ ਵਿਚ ਜਾਣਾ ਚਾਹੁੰਦਾ ਹਾਂ। ਇੰਜ ਮੈਂ ਬੇਵਤਨਾ ਹੋਣ ਦਾ ਕਲੰਕ ਮਿਟਾ ਸਕਾਂਗਾ ਅਤੇ -ਅਤੇ ਰੋਜ਼ ਰੋਜ਼ ਦੇ ਸੁਪਨੇ ਦੇ ਭੈ ਤੋਂ ਮੁਕਤ ਹੋ ਸਕਾਂਗਾ। -ਕੇਵਲ ਇਕ ਰਾਤ ਯਾਰ!"

"ਕਾਚਰੂ' ਕਿਉਂਕਿ ਇਕ ਸਧਾਰਣ ਪਾਤਰ ਹੈ ਇਸ ਲਈ ਉਹ ਚਾਹੁੰਦਾ ਹੋਇਆ ਵੀ ਘਰ ਨਾ ਜਾ ਸਕਿਆ ਅਤੇ ਉਸਦੇ ਦੋਸਤ ਚਾਹੁੰਦੇ ਹੋਏ ਵੀ ਉਸਦੀ ਮਦਦ ਨਹੀਂ ਕਰ ਸਕੇ। ਇਸ ਤਰ੍ਹਾਂ ਆਪਣੇ ਘਰ ਦੀ ਦੂਰੀ ਵਧਣ ਕਾਰਣ ਉਸਨੂੰ ਸੁਪਨਾ ਹੋਰ ਵੀ ਤੰਗ ਕਰਨ ਲੱਗਿਆ। ਆਖਰਕਾਰ ਇਕ ਵਾਰੀ, ਸਤਾਰਾਂ ਸਾਲ ਬਾਅਦ, ਉਹ ਆਪਣੇ ਘਰ ਵਿਚ ਪ੍ਰਵੇਸ਼ ਕਰ ਜਾਂਦਾ ਹੈ ਅਤੇ ਆਪਣੀਆਂ ਪੁਰਾਣੀਆਂ ਯਾਦਾਂ ਵੀ ਤਾਜ਼ੀਆਂ ਕਰਦਾ ਹੈ। ਲੋਕਾਂ ਨੂੰ ਨਿਡਰ ਹੋਕੇ ਜਤਾਉਣਾ ਵੀ ਚਾਹੁੰਦਾ ਹੈ ਕਿ ਉਹ ਆਪਣੇ ਘਰ ਅੰਦਰ ਬੇਖ਼ੌਫ ਦਾਖਲ ਹੋ ਗਿਆ ਹੈ। ਇਸ ਵਾਸਤੇ ਉਹ ਜ਼ੋਰ ਨਾਲ ਅਵਾਜ਼ ਵੀ ਲਗਾਉਣਾ ਚਾਹੁੰਦਾ ਹੈ ਪਰ ਅਵਾਜ਼ ਨਹੀਂ ਨਿਕਲਦੀ ਪਰ ਇਸ ਜ਼ੋਰ ਅਤੇ ਬਾਹਰੋਂ ਧਮਾਕੇ ਦੀ ਅਵਾਜ਼ ਨਾਲ ਉਸਦਾ ਸੁਪਨਾ ਜ਼ਰੂਰ ਟੁੱਟ ਜਾਂਦਾ ਹੈ। ਉਸਦੀ ਤ੍ਰਾਸਦੀ ਇਹ ਹੈ ਕਿ ਉਹ ਸੁਪਨੇ ਵਿਚ ਤਾਂ ਘਰ ਜਾਣ ਦਾ ਸਾਹਸ ਕਰ ਗਿਆ ਪਰ ਅਸਲ ਜ਼ਿੰਦਗੀ ਵਿਚ ਹਾਲੇ ਵੀ ਕਈ ਤਰ੍ਹਾਂ ਦੇ ਤੌਖ਼ਲਿਆਂ ਤੇ ਖ਼ੌਫ਼ ਦੇ ਅਹਿਸਾਸਾਂ ਨਾਲ ਭਰਿਆ ਪਿਆ ਹੈ। ਇਹ ਅਸਲੀਅਤ ਹੈ

ਦਹਿਸ਼ਤ ਦੇ ਮਾਹੌਲ ਵਿਚ ਵਿਚਰਦੇ ਇਕ ਆਮ ਆਦਮੀ ਦੀ, ਜੋ ਚਾਹੁੰਦਾ ਹੋਇਆ ਵੀ ਬੋਲ ਨਹੀਂ ਪਾ ਰਿਹਾ। ਉਸਦੇ ਡਰ ਦੀ ਮਾਨਸਿਕਤਾ ਨੇ ਉਸ ਅੰਦਰਲੇ ਨਾਇਕ ਨੂੰ ਸਿਰਫ ਸੁਪਨੇ ਤਕ ਹੀ ਸੀਮਤ ਕਰ ਦਿੱਤਾ ਹੈ। ਇਹ ਸਥਿਤੀ ਦਹਿਸ਼ਤਵਾਦ ਦੇ ਚਲਦੇ ਦੌਰ ਦਾ ਪ੍ਰਮੁੱਖ ਲੱਛਣ ਹੈ। ਹਾਲੇ ਤਕ ਇਸ ਦੌਰ ਦੇ ਅੰਤ ਦਾ ਕੋਈ ਸਿਰਾ ਨਜ਼ਰ ਨਹੀਂ ਆ ਰਿਹਾ। ਇਸੇ ਲਈ ਇਸ ਕਹਾਣੀ ਦਾ ਨਾਇਕ ਸੁਪਨੇ ਵਿਚ ਹੀ ਨਾਇਕ ਹੋ ਨਿੱਬੜਦਾ ਹੈ।

ਸਨ 1947 ਵਿਚ ਹੋਏ ਦੇਸ਼ ਦੇ ਬਟਵਾਰੇ ਤੋਂ ਬਾਅਦ ਰਿਫੀਊਜੀ ਜਾਂ ਮਾਈਗ੍ਰੇਂਟ ਹੋਣ ਦੀ ਤ੍ਰਾਸਦੀ ਭੋਗ ਚੁੱਕੀ ਇਕ ਪੀੜ੍ਹੀ, ਆਪਣੇ ਜੀਵਨ ਕਾਲ ਵਿਚ ਦੁਬਾਰਾ ਇਹੋ ਜਿਹੀ ਸਥਿਤੀ ਦਾ ਸਾਹਮਣਾ ਕਰਨ ਲਈ ਬਿਲਕੁਲ ਤਿਆਰ ਨਹੀਂ ਸੀ। ਭਾਵੇਂ ਕਿ ਦੇਸ਼ ਦੇ ਬਟਵਾਰੇ ਵੇਲੇ ਹਿਜਰਤ ਕਰਨ ਵਾਲਿਆਂ ਲਈ ਹੋਰ ਕੋਈ ਚਾਰਾ ਨਹੀਂ ਸੀ ਕਿਉਂਕਿ ਇਕ ਨਵੀਂ ਉਸਾਰੀ ਗਈ ਸਰਹੱਦ ਨੇ, ਇਕੋ ਸਭਿਆਚਾਰ ਦੇ ਲੋਕਾਂ ਨੂੰ ਹਮੇਸ਼ਾਂ ਲਈ ਥਾਂ ਤਬਦੀਲ ਕਰਨ ਲਈ ਮਜਬੂਰ ਕਰ ਦਿੱਤਾ ਸੀ। ਇਸ ਅਮਲ ਨਾਲ ਵੱਖ ਹੋਏ ਫਿਰਕਿਆਂ ਵਿਚਕਾਰ ਨਫ਼ਰਤ ਵੀ ਪੈਦਾ ਹੋ ਗਈ ਸੀ। ਇਸਦੇ ਸਿੱਟੇ ਬਹੁਤ ਲੰਮੇ ਸਮੇਂ ਤੱਕ ਵੇਖਣ ਨੂੰ ਮਿਲੇ। ਇਨ੍ਹਾਂ ਵਿਚੋਂ ਹੀ ਇਕ ਵੱਡਾ ਮੁੱਦਾ ਪੈਦਾ ਹੋਇਆ ਕਸ਼ਮੀਰ ਦਾ ਮਸਲਾ। ਕਸ਼ਮੀਰ ਤੋਂ ਬਾਹਰ ਰਹਿਣ ਵਾਲੇ ਲੋਕਾਂ ਲਈ ਕਸ਼ਮੀਰ ਬਾਰੇ ਜ਼ਹਿਨ ਵਿਚ ਦੋ ਹੀ ਤਸਵੀਰਾਂ ਉੱਭਰਦੀਆਂ ਹਨ; ਇੱਕ ਤਾਂ ਧਰਤੀ ਉੱਪਰ ਸੁਵਰਗ ਅਤੇ ਦੂਜਾ ਦਹਿਸ਼ਤ ਦੀ ਅੱਗ ਵਿਚ ਬਲ਼ ਰਿਹਾ ਮੰਦਭਾਗਾ ਸਰਹੱਦੀ ਸੂਬਾ। ਪਰ ਕਸ਼ਮੀਰ ਦਾ ਆਪਣਾ ਇੱਕ ਵੱਖਰੀ ਕਿਸਮ ਦਾ ਸਭਿਆਚਾਰ ਬਣਿਆ ਹੈ। ਇਸ ਧਰਤੀ ਉੱਪਰ ਵੱਖ ਵੱਖ ਧਰਮਾਂ ਅਤੇ ਸਭਿਆਚਾਰਾਂ ਨੇ ਸਮੇਂ ਸਮੇਂ ਉੱਤੇ ਆਪਣਾ ਅਸਰ ਛੱਡਿਆ ਹੈ ਅਤੇ ਆਪਣਾ ਅਧਿਕਾਰ ਵੀ ਜਤਾਇਆ ਹੈ। ਪਰ ਸੂਫੀਆਂ ਵਰਗੀ ਖੁਲ੍ਹ ਦਿਲੀ ਦਾ ਪ੍ਰਤੀਕ ਰਿਹਾ ਕਸ਼ਮੀਰ, ਅੱਜ ਫਿਰਕਾਪ੍ਰਸਤੀ ਦੀ ਅਜੀਬੋ-ਗਰੀਬ ਸਥਿਤੀ ਦੇ ਸਾਹਮਣੇ ਖਲੋਤਾ ਹੈ। ਇਹ ਦੇਸ਼ ਦਾ ਕੋਈ ਵੱਖਰਾ ਹਿੱਸਾ ਨਹੀਂ ਪਰ ਫਿਰ ਵੀ ਇਥੋਂ ਜਦ ਕੋਈ ਘੱਟਗਿਣਤੀ ਪਰਿਵਾਰ ਦੂਜੇ ਸੂਬਿਆਂ ਵਿਚ ਜਾਂਦਾ ਹੈ ਤਾਂ ਉਸਨੂੰ ਆਪਣੇ ਮੁਲਕ ਵਿਚ ਹੀ ਮਾਈਗ੍ਰੇਂਟ ਦਾ ਦਰਜਾ ਮਿਲਣਾ ਸੱਚਮੁਚ ਹੀ ਬਹੁਤ ਕਸ਼ਟਕਾਰੀ ਹੈ। ਇਸ ਅਹਿਸਾਸ ਨਾਲ ਕਸ਼ਮੀਰ ਤੋਂ ਬਾਹਰ ਗਏ ਹੋਏ ਲੋਕ ਬਹੁਤ ਉਦਰੇਵੇਂ ਨਾਲ ਆਪਣੇ ਗਰਾਂ ਅਤੇ ਘਰ ਨੂੰ ਚੇਤੇ ਕਰਦੇ ਹਨ। 'ਕਾਚਰੂ' ਵਰਗਾ ਕਿਰਦਾਰ ਅੱਜ ਵੀ ਇਸ ਤ੍ਰਾਸਦੀ ਨੂੰ ਨਿੱਤ ਹੰਢਾ ਰਿਹਾ ਹੈ। ਉਸਨੂੰ ਆਪਣੇ ਹੀ ਸ਼ਹਿਰ ਵਿਚ ਪ੍ਰਾਹੁਣਾ ਸੱਦਿਆ ਜਾਣਾ ਬੇਹੱਦ ਚੁੱਭਦਾ ਹੈ। ਜੰਮੂ ਵਿਚ ਮਾਈਗ੍ਰੇਂਟ ਹੋਣਾ ਅਤੇ ਕਸ਼ਮੀਰ ਵਿਚ ਭਾਵ ਆਪਣੇ ਹੀ ਘਰ ਵਿਚ ਪ੍ਰਾਹੁਣਾ ਬਣ ਜਾਣਾ ਅਜੋਕੀ ਯਥਾਰਥ ਸਥਿਤੀ ਨੂੰ ਪੇਸ਼ ਕਰਦਾ ਹੈ। ਉਹ ਇਸ ਭਿਆਨਕ ਦੌਰ ਵਿਚ ਆਪਣੇ ਆਪ ਨੂੰ ਇੰਨਾਂ ਕਮਜ਼ੋਰ ਮਹਿਸੂਸ ਕਰਦਾ ਹੈ ਕਿ ਸੁਪਨੇ ਵਿਚ ਵੀ ਉਸਨੂੰ ਆਪਣੇ ਘਰ ਦਾ ਦਰਵਾਜ਼ਾ ਬੰਦ ਨਜ਼ਰ ਆਉਂਦਾ ਹੈ ਤੇ ਉਹ ਅੰਦਰ ਪ੍ਰਵੇਸ਼ ਕਰਨ ਲਈ ਤੜਪਦਾ ਹੈ।

ਕਹਾਣੀਕਾਰ ਨੇ 'ਕਾਚਰੂ' ਰਾਹੀਂ ਅਜੋਕੀ ਸਥਿਤੀ ਨੂੰ ਵਾਸਤਵਿਕਤਾ ਅੰਦਰ ਹੀ ਪੇਸ਼ ਕੀਤਾ ਹੈ। ਇਸੇ ਲਈ 'ਕਾਚਰੂ' ਆਪਣੇ ਸੁਪਨੇ ਵਿਚ ਹੀ ਨਾਇਕ ਹੈ ਤੇ ਸੁਪਨੇ ਵਿਚ ਹੀ ਉਹ ਆਪਣੇ ਘਰ ਅੰਦਰ ਦਾਖ਼ਲ ਹੁੰਦਾ ਹੈ।

ਹਰਭਜਨ ਸਿੰਘ ਸਾਗਰ ਦੀਆਂ ਕਸ਼ਮੀਰ ਸਮੱਸਿਆ ਨਾਲ ਸੰਬੰਧਤ ਕਹਾਣੀਆਂ ਵਿਚ ਉਸਦੇ ਪਾਤਰ ਇਕ ਸਧਾਰਣ ਇਨਸਾਨੀ ਸੁਭਾ ਵਾਲੇ ਨਜ਼ਰ ਆਉਂਦੇ ਹਨ ਜੋ ਕਿ ਸਥਿਤੀਆਂ ਦੇ ਅਨੁਕੂਲ ਬਹੁਤ ਹੀ ਸਹਿਜਤਾ ਨਾਲ ਪ੍ਰਤੀਕਰਮ ਕਰਦੇ ਹਨ ਅਤੇ ਇਸੇ ਲਈ ਵਧੇਰੇ ਯਥਾਰਥਕ ਜਾਪਦੇ ਹਨ। ਉਸਦੇ ਪਾਤਰ ਕਸ਼ਮੀਰ ਦੀ ਦਹਿਸ਼ਤਗਰਦੀ ਦੇ ਮਾਹੌਲ ਵਿਚ ਡਰ ਅਤੇ ਸਹਿਮ ਵਿਚ ਜੀਉਂਦੇ ਨਜ਼ਰ ਆ ਰਹੇ ਹਨ। ਉਹ ਹਰ ਘਟਨਾ ਦੇ ਸਿਰਫ ਮੂਕ ਦਰਸ਼ਕ ਬਣ ਕੇ ਰਹਿ ਗਏ ਹਨ। ਦਹਿਸ਼ਤ ਦੇ ਮਾਹੌਲ ਦੇ ਚਸ਼ਮਦੀਦ ਗਵਾਹ ਹੁੰਦੇ ਹੋਏ ਵੀ ਉਹ ਕੁਝ ਵੀ ਕਰਨ ਦੀ ਸਥਿਤੀ ਵਿਚ ਨਹੀਂ ਹਨ। ਆਪਣੀਆਂ ਜੜਾਂ ਤੋਂ ਟੁੱਟਣ ਦਾ ਸੰਤਾਪ ਭੋਗ ਰਹੇ ਹਨ। ਇਕ ਉਦਰੇਵਾਂ ਉਨ੍ਹਾਂ ਪਾਤਰਾਂ ਨੂੰ ਵਾਰ ਵਾਰ ਪਿੱਛੇ ਵੱਲ ਖਿੱਚਦਾ ਹੈ। ਕਹਾਣੀਕਾਰ ਕਸ਼ਮੀਰ ਦੇ ਸਭਿਆਚਾਰ ਵਿਚਲੇ ਸਾਂਝੇਪਣ ਦੇ ਤੱਤਾਂ ਦੀ ਪਛਾਣ ਕਰਦਾ ਹੈ ਅਤੇ ਉਨ੍ਹਾਂ ਨੂੰ ਲੱਲ-ਦੈਦ ਦੇ ਲੋਕਧਾਰਾਈ ਪਾਤਰ ਜਾਂ 'ਬਾਉਲਾ' ਕਹਾਣੀ ਵਿਚਲੇ ਅਖਰੋਟ ਦੇ ਬੂਟੇ ਦੇ ਬਿੰਬ ਰਾਹੀਂ ਪੇਸ਼ ਕਰਨ ਦਾ ਜਤਨ ਕਰਦਾ ਹੈ।

'ਬਾਉਲਾ' ਕਹਾਣੀ ਵਿਚ ਪ੍ਰਤਾਪ ਸਿੰਘ ਦਾ ਪਾਤਰ ਵੀ ਮਾਈਗ੍ਰੈਂਟ ਹੋਕੇ ਅਜਿਹੀ ਹੀ ਸਥਿਤੀ ਵਿਚੋਂ ਗੁਜ਼ਰਦਾ ਹੋਇਆ, ਲੋਕਾਂ ਦੀਆਂ ਨਜ਼ਰਾਂ ਵਿਚ ਭਾਵੇਂ ਨੀਮ-ਪਾਗਲਪਣ ਦਾ ਸ਼ਿਕਾਰ ਹੈ ਪਰ ਇਸ ਦੇ ਪਿੱਛੇ ਕਾਰਣ, ਉਸਦਾ ਆਪਣੀਆਂ ਪੁਸ਼ਤੈਨੀ ਜੜ੍ਹਾਂ ਤੋਂ ਵੱਖ ਹੋਣਾ ਹੈ। ਜੰਮੂ ਵਿਚ ਇਕ ਮਾਈਗ੍ਰੈਂਟ ਦੇ ਤੌਰ 'ਤੇ ਰਹਿੰਦਿਆਂ ਉਸਨੂੰ ਆਪਣੀਆਂ ਪੁਸ਼ਤੈਨੀ ਜੜਾਂ ਦੀ ਖਿੱਚ ਪੈ ਰਹੀ ਹੈ ਤੇ ਉਸਨੂੰ ਆਪਣੇ ਗਰਾਂ ਜਾਕੇ ਹੀ ਸਕੂਨ ਹਾਸਲ ਹੁੰਦਾ ਹੈ। ਇਥੇ ਉਸਦੀ ਅਗਲੇਰੀ ਪੀੜ੍ਹੀ ਨੂੰ ਇਕ ਦੁਬਿਧਾ ਵਿਚ ਵਿਖਾਇਆ ਗਿਆ ਹੈ। ਨਵੀਂ ਪੀੜ੍ਹੀ ਆਪਣੇ ਪੁਸ਼ਤੈਨੀ ਵਿਰਸੇ ਤੋਂ ਪੂਰੀ ਤਰ੍ਹਾਂ ਅਣਜਾਣ ਜਾਂ ਬੇਮੁੱਖ ਨਹੀਂ ਹੈ ਪਰ ਨਵੇਂ ਆਰਥਿਕ ਤੇ ਸਮਾਜਿਕ ਮਾਹੌਲ ਦੇ ਨਾਲ-ਨਾਲ ਕਸ਼ਮੀਰ ਦੇ ਦਹਿਸ਼ਤਗਰਦੀ ਵਾਲੇ ਰਾਜਨੀਤਕ ਮਾਹੌਲ ਕਾਰਣ ਵੀ ਉਹ ਆਪਣੇ ਆਪ ਨੂੰ ਅਸੁਰਖਿਅਤ ਤਾਂ ਮਹਿਸੂਸ ਕਰਦੇ ਹੀ ਹਨ ਪਰ ਨਾਲ ਹੀ ਜੜੋਂ ਉੱਖੜੇ ਹੋਣ ਦੀ ਹੋਣੀ ਵੀ ਭੋਗਣ ਲਈ ਮਜਬੂਰ ਹਨ। ਪਰ ਪ੍ਰਤਾਪ ਸਿੰਘ ਲਈ ਅਖਰੋਟ ਦਾ ਬੂਟਾ ਉਸਦੇ ਵਿਰਸੇ ਦਾ ਪ੍ਰਤੀਕ ਹੈ ਜਿਸਦੀਆਂ ਜੜ੍ਹਾਂ ਜ਼ਮੀਨ ਹੇਠ ਬਹੁਤ ਡੂੰਘੀਆਂ ਜੰਮੀਆਂ ਹੋਈਆਂ ਹਨ। ਇਸ ਬੂਟੇ ਨੂੰ ਪੁੱਟਣ ਦਾ ਖਿਆਲ ਮਾਤਰ ਹੀ ਉਸਦੀ ਚੇਤਨਾ ਨੂੰ ਸੱਟ ਮਾਰਦਾ ਹੈ ਅਤੇ ਮਾਯੂਸ ਕਰ ਦਿੰਦਾ ਹੈ। ਇਸ ਤਰ੍ਹਾਂ ਕਹਾਣੀ ਵਿਚ ਪ੍ਰਤਾਪ ਸਿੰਘ ਦੀ ਮਨੋ ਦਸ਼ਾ ਵੀ ਕਿਸੇ ਜੜਾਂ ਪੁੱਟੇ ਜਾ ਰਹੇ ਰੁੱਖ ਨਾਲੋਂ ਘੱਟ ਨਹੀਂ ਹੈ।

ਕਹਾਣੀਕਾਰ ਨੇ ਇਸ ਕਹਾਣੀ ਵਿਚ ਪ੍ਰਤਾਪ ਸਿੰਘ ਦੇ ਪਰਿਵਾਰ ਵਿਚਲਾ ਸੰਕਟ ਦਾ ਬਿਰਤਾਂਤ ਕਸ਼ਮੀਰ ਦੀ ਸਮੱਸਿਆ ਦੇ ਨਾਲ ਨਾਲ ਹੀ ਉੱਸਰਦਾ ਦਰਸਾਇਆ ਹੈ। ਉਸਦਾ ਪਰਿਵਾਰ ਆਪਣੀ ਆਰਥਕ ਖੁਸ਼ਹਾਲੀ ਲਈ ਜਿਸ ਸਮੱਸਿਆ ਨਾਲ ਜੂਝ ਰਿਹਾ ਹੁੰਦਾ ਹੈ ਉਸ ਉੱਪਰ ਵੀ ਆਤੰਕਵਾਦ ਦਾ ਅਸਰ ਪੈਂਦਾ ਦਿਸਦਾ ਹੈ। ਰੋਜ਼ ਰੋਜ਼ ਦੀਆਂ ਹਿੰਸਕ ਵਾਰਦਾਤਾਂ ਉਨ੍ਹਾਂ ਦੇ ਜੀਵਨ ਦਾ ਹਿੱਸਾ ਬਣ ਗਈਆਂ ਹਨ:

"ਵਾਰਦਾਤਾਂ ਮਗਰੋਂ ਲੋਕਾਂ ਦਾ ਸੋਗ ਅੰਦਰ ਡੁੱਬ ਜਾਣਾ, ਮੌਤ ਦੇ ਭੈਅ ਨਾਲ ਸਹਿਮ ਜਾਣਾ, ਅਸੁਰੱਖਿਅਤ ਮਹਿਸੂਸ ਕਰਨਾ ਅਤੇ ਮਗਰੋਂ ਐਸੇ ਹੀ ਹਾਲਾਤ ਨਾਲ ਸਮਝੌਤਾ ਕਰ ਲੈਣਾ ਜੀਵਨ ਦਾ ਇਕ ਢੰਗ ਹੀ ਬਣ ਗਿਆ ਹੈ।"

ਕਸ਼ਮੀਰ ਵਸਦੇ ਲੋਕਾਂ ਵਲੋਂ ਹਾਲਾਤ ਨਾਲ ਸਮਝੌਤਾ ਕਰਨ ਦੀ ਮਜਬੂਰੀ ਇਸ ਲਈ ਵੀ ਹੈ ਕਿਉਂਕਿ ਸਿਆਸੀ ਆਗੂਆਂ ਨੇ ਲੋਕਾਂ ਦੀਆਂ ਸਮੱਸਿਆਵਾਂ ਵਲੋਂ ਮੂੰਹ ਫੇਰ ਲਿਆ ਹੈ:

"ਕਿਸ ਦੇ ਲੀਡਰ ਬਾਪੂ? ਕਿਹੜੇ ਲੀਡਰ? ਸਾਰਿਆਂ ਨੇ ਆਪਣੇ ਆਪਣੇ ਟਿਕਾਣੇ ਬਣਾ ਲਏ ਦਿਅਨ। ਹੁਣ ਅਸਾਂ ਜਹੇ ਗਰੀਬ ਗੁਰਬਿਆਂ ਕੋ ਰਖੇ ਦਖ ਅਪਣੀਆਂ ਲੀਡਰੀਆਂ ਚਮਕਾਵਣ ਵਾਸਤੇ, ਨਾਲੇ ਗੋਲੀਆਂ ਦਾ ਨਿਸ਼ਾਨਾ ਬਣਾਉਣ ਵਾਸਤੇ।"

"ਫਿਰ ਕੀ ਬਣਸੀ ਅਸਦਾ?" ਪ੍ਰਤਾਪ ਸਿੰਘ ਨੇ ਚਿੰਤਾ ਪ੍ਰਗਟਾਈ।

"ਬਣਨਾ ਕੇ ਆ। ਸਿੱਧਾ ਬੇਮੌਤੇ ਮਰ ਗੈਣਾ।

ਇਸੇ ਸੰਦਰਭ ਵਿਚ ਕਸ਼ਮੀਰ ਵਿਖੇ ਚਿਠੀ ਸਿੰਘ ਪੁਰੇ ਦੇ ਦਰਦਨਾਕ ਕਾਂਡ ਦਾ ਜ਼ਿਕਰ ਵੀ ਇਸ ਕਹਾਣੀ ਵਿਚ ਹੈ ਜਿਸਦੀ ਸਾਰਿਆਂ ਹਲਕਿਆਂ ਤੋਂ ਨਿਖੇਧੀ ਕੀਤੀ ਗਈ ਪਰ ਇਸਦੀ ਜ਼ਿੰਮੇਵਾਰੀ ਕਿਸੇ ਨੇ ਨਾ ਲਈ। ਜਿਵੇਂ ਕਿ ਪ੍ਰਤਾਪ ਸਿੰਘ ਆਪਣੇ ਪੁੱਤਰਾਂ ਤੋਂ ਪੁੱਛਦਾ ਹੈ:

"ਹੈਂ ਵਾ! ਸਾਰੇ ਹੀ ਇਸ ਕਾਂਡ ਦੀ ਨਿੰਦਿਆ ਕਰ ਰਹੇ ਹਨ। ਮਗਰ ਮੁੰਗੋ ਤਾ ਸਮਝਾਓ ਕਿ ਆਖਰ ਇਹ ਕਤਲ ਕਿਸ ਨੇ ਕੀਤੇ ਹਨ? ਕੋਈ ਵੀ ਜ਼ਿੰਮੇਵਾਰੀ ਨਹੀਂ ਲੈ ਰਿਹਾ।"

"ਬਾਪੂ! ਇਸ ਕੋ ਆਖਦਿਅਨ ਬੇ-ਮੌਤ ਮਰਨਾ।"

ਇਸ ਤਰ੍ਹਾਂ ਬੇਕਸੂਰ ਲੋਕਾਂ ਦੇ ਬੇ-ਮੌਤ ਮਾਰੇ ਜਾਣ ਦਾ ਡਰ ਅਤੇ ਸੰਤਾਪ, ਇਨ੍ਹਾਂ ਕਹਾਣੀਆਂ ਅੰਦਰ ਬੇਜ਼ੁਬਾਨ ਪਿਆ ਹੋਇਆ ਹੈ। ਹਰਭਜਨ ਸਿੰਘ ਸਾਗਰ ਨੇ ਕਸ਼ਮੀਰ ਨੂੰ ਲੋਕਾਂ ਦੀਆਂ ਅੱਖਾਂ ਸਾਹਮਣੇ 'ਇਕ ਗਵਾਹ ਚਸ਼ਮਦੀਦ' ਵਜੋਂ 'ਜੋਬਨਵੰਤੀ' ਵਾਂਗ ਬੇਆਬਰੂ ਹੁੰਦਿਆਂ ਅਤੇ ਜੀਉਂਦੇ ਜੀਅ ਮਰਦਿਆਂ ਵਿਖਾਇਆ ਹੈ। 'ਅਗਨੀ ਰੇਖਾ ਦੇ ਆਰ-ਪਾਰ'

ਕਹਾਣੀ ਵਿਚਲੀ ਪਾਤਰ 'ਮਿਤਰੋ' ਵਾਂਗ ਇਸ ਨੂੰ ਦੁਬਿਧਾ ਦੀ ਸਥਿਤੀ ਵਿਚ ਪੇਸ਼ ਕੀਤਾ ਹੈ। ਜਿਸਦਾ ਨਿਰਣਾ ਕਰਨਾ ਸੌਖਾ ਨਹੀਂ ਹੈ। ਕਹਾਣੀਆਂ ਵਿਚ ਇਸ ਸਮੱਸਿਆ ਦਾ ਹੱਲ ਭਾਵੇਂ ਕੋਈ ਨਜ਼ਰ ਨਹੀਂ ਆ ਰਿਹਾ। ਪਰ ਕੁਝ ਸਵਾਲ ਜ਼ਰੂਰ ਉਠਾਏ ਗਏ ਹਨ ਕਿ ਇਸ ਹਨੇਰੇ ਦੌਰ ਵਿਚ ਮਾਨਵੀ ਕਦਰਾਂ ਕੀਮਤਾਂ ਅਤੇ ਆਪਣੀ ਸਭਿਆਚਾਰਕ ਪਛਾਣ ਨੂੰ ਕਿਸ ਤਰ੍ਹਾਂ ਕਾਇਮ ਰਖਿਆ ਜਾਏ। ਕਸ਼ਮੀਰ ਇਥੋਂ ਦੇ ਰਹਿਣ ਵਾਲੇ ਸਾਰੇ ਬਾਸ਼ਿੰਦਿਆਂ ਦਾ ਸਾਂਝਾ ਹੈ ਅਤੇ ਜੇਕਰ ਕਿਸੇ ਇਕ ਫਿਰਕੇ ਨੂੰ ਬੇਗਾਨਗੀ ਦਾ ਅਹਿਸਾਸ ਪੈਦਾ ਹੋ ਰਿਹਾ ਹੈ ਤਾਂ ਇਸ ਨਾਲ ਕਸ਼ਮੀਰ ਦਾ ਕੋਈ ਫਾਇਦਾ ਨਹੀਂ ਹੋ ਰਿਹਾ, ਸਗੋਂ ਇਸ ਮਿੱਟੀ ਦੀ ਮਾਂ 'ਲੱਲ-ਦੈਦ' ਦੀ ਮੌਤ ਹੋ ਰਹੀ ਹੈ ਜੋ ਕਿ ਸਾਂਝੀ-ਵਾਲਤਾ ਦੀ ਪ੍ਰਤੀਕ ਹੈ।

- ਕਹਾਣੀਆਂ ਬਿਆਨੀਆ ਵਿਧੀ ਨਾਲ ਲਿਖੀਆਂ ਹਨ।
- ਇਸਦੀਆਂ ਕਹਾਣੀਆਂ ਵਿਚ ਕਿਸ ਤਰ੍ਹਾਂ ਦਾ ਪਾਤਰ ਉਭਰਦਾ ਹੈ?
- ਕਸ਼ਮੀਰ ਦੀ ਸਮੱਸਿਆ ਬਾਰੇ ਕੀ ਦ੍ਰਿਸ਼ਟੀਕੋਣ ਹੈ?
- ਕਹਾਣੀ ਵਿਚ ਕਸ਼ਮੀਰ ਵਿਚਲੀ ਦਹਿਸ਼ਤਗਰਦੀ ਦੇ ਮਾਹੌਲ ਨੂੰ ਕਿਸ ਨੁਕਤੇ ਤੋਂ ਪੇਸ਼ ਕਰਦਾ ਹੈ?
- ਕਸ਼ਮੀਰ ਸਮੱਸਿਆ ਉੱਪਰ ਟਿੱਪਣੀ ਕਿਨਾਂ ਬਿੰਬਾਂ ਰਾਹੀਂ ਕਰਦਾ ਹੈ? ਸਿੱਧੀ ਟਿੱਪਣੀ ਨਹੀਂ ਕਰਦਾ।
- ਮਾਈਗ੍ਰੇਂਟ ਜਾਂ ਘੱਟਗਿਣਤੀਆਂ ਦੀ ਹਿਜਰਤ ਦੇ ਸੰਤਾਪ ਦੀ ਗੱਲ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਕਰਦਾ ਹੈ।
- ਉਨ੍ਹਾਂ ਦੇ ਮਨ ਵਿਚ ਉੱਠਦੇ ਉਦਰੇਵੇਂ ਨੂੰ ਪੇਸ਼ ਕਰਦਾ ਹੈ।
- ਕਸ਼ਮੀਰ ਨੂੰ ਇਕ ਸਾਂਝੇ ਸਭਿਆਚਾਰਕ ਖਿੱਤੇ ਵਜੋਂ ਪੇਸ਼ ਕਰਦਾ ਹੈ ਜਿਸ ਵਿਚ ਕਿਸੇ ਇਕ ਮਜ਼੍ਹਬ ਦਾ ਪੁਸ਼ਤੈਨੀ ਅਧਿਕਾਰ ਨਹੀਂ ਹੈ।
- ਅਜੋਕੇ ਸਮੇਂ ਵਿਚ ਵਾਪਰਦੀਆਂ ਘਟਨਾਵਾਂ ਨੂੰ ਬਹੁਤ ਲਾਚਾਰੀ ਅਤੇ ਬੇਚੈਨੀ ਨਾਲ ਇਕ ਖਾਮੋਸ਼ ਚਸ਼ਮਦੀਦ ਗਵਾਹ ਵਾਂਗ ਵੇਖ ਰਿਹਾ ਹੈ।

1. ਸੁਪਨੇ ਵਿਚ ਵਾਪਰੀ ਘਟਨਾ ਦਾ ਨਾਇਕ
2. ਲੱਲ-ਦੈਦ ਦੀਆਂ ਅਸਥੀਆਂ
3. ਸਹਿਮੇ ਪਲਾਂ ਦਾ ਤਮਾਸ਼ਬੀਨ

4. ਬਾਉਲਾ
5. ਗੁਆਚੇ ਸਾਈਂ ਦੀ ਭਾਲ
6. ਇਕ ਗਵਾਹ ਚਸ਼ਮਦੀਦ
7. ਅਗਨੀ ਰੇਖਾ ਦੇ ਆਰ-ਪਾਰ
8. ਬੰਦ ਦਰਵਾਜ਼ੇ ਦਾ ਬਿਰਤਾਂਤ